# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8 ਮੋਹਾਲੀ**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਪ੍ਰਿੰਸੀਪਲ ਡਾਇਟ,
ਸਮੂਹ ਸਕੂਲ ਮੁਖੀ/ਇੰਚਾਰਜ (ਵੈਬ-ਸਾਇਟ ਰਾਹੀਂ)
ਪੰਜਾਬ

ਮੀਮੋ ਨੰ: **202527869**
ਮਿਤੀ: ਐੱਸ.ਏ.ਐੱਸ. ਨਗਰ, 30.01.2025

**ਵਿਸ਼ਾ: ਸਾਲ 2024-25 ਦੌਰਾਨ ਸਕੂਲ ਪੱਧਰ ਤੇ ਰਾਜ ਦੇ ਸਮੂਹ ਏਡਿਡ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜਾਉਣ ਵਾਲੇ ਸਾਇੰਸ ਸਟ੍ਰੀਮ ਦੇ ਲੈਕਚਰਾਰਾਂ ਦੀ 2 ਰੋਜਾ ਜ਼ਿਲ੍ਹਾ ਪੱਧਰੀ ਟੀਚਰ ਟ੍ਰੇਨਿੰਗ (How to teach difficult topics) ਕਰਵਾਉਣ ਸਬੰਧੀ।**

**ਹਵਾਲਾ: ਮੀਮੋ ਨੰ. e-832921 SCERT/Teacher Training/2025/233313-23315 ਮਿਤੀ: 27-Jan-2025 ਅਨੁਸਾਰ।**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਾਲ 2024-25 ਦੌਰਾਨ ਸਕੂਲ ਪੱਧਰ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਾਇੰਸ ਸਟ੍ਰੀਮ ਪੜ੍ਹਾਉਣ ਵਾਲੇ ਸਟੇਟ ਰਿਸੋਰਸ ਪਰਸਨਜ ਵਜੋਂ ਚੁਣੇ ਗਏ ਲੈਕਚਰਾਰਾਂ (Physics, Chemistry & Biology) , ਵੱਖ-2 ਜ਼ਿਲਿਆਂ ਦੇ **Key Resource Persons** ਅਤੇ ਜਿਲ੍ਹੇ ਵਿੱਚ ਵਿਸ਼ੇ ਦੇ ਬਤੌਰ PDM ਕੰਮ ਕਰ ਰਹੇ (Physics, Chemistry & Biology) ਪ੍ਰਿੰਸੀਪਲ ਦੀ ਮਿਤੀ 16-ਜਨਵਰੀ-2025 ਨੂੰ ਰਾਜ ਪੱਧਰੀ +1 ਅਤੇ +2 ਕਲਾਸ ਦੇ (Physics, Chemistry & Biology) ਵਿਸ਼ੇ ਦੇ ਗੁੰਝਲਦਾਰ ਟਾਪਿਕਸ ਪੜਾਉਣ (How to teach difficult topics) ਦੀ ਨਵੀਂ ਟੈਕਨਾਲਜੀ, e content ਅਤੇ TLM ਦੀ ਵਰਤੋ ਕਰਦੇ ਹੋਏ ਟ੍ਰੇਨਿੰਗ ਲਗਾਈ ਜਾ ਚੁੱਕੀ ਹੈ ।

3.0 ਜ਼ਿਲ੍ਹਾ ਪੱਧਰੀ (Physics, Chemistry & Biology) ਵਿਸ਼ੇ ਦੀ 2 ਰੋਜ਼ਾ ਟ੍ਰੇਨਿੰਗ ਮਿਤੀ 03-02-25 ਤੋਂ 07-02-25 ਤੱਕ ਉਕਤ ਪ੍ਰਾਪਤ ਕਰ ਚੁੱਕੇ PDM ਅਤੇ ਰਿਸੋਰਸ ਪਰਸਨਜ਼ ਦੀ ਦੇਖ-ਰੇਖ ਵਿੱਚ ਕਰਵਾਈ ਜਾਣੀ ਹੈ ।

4.0 ਉਕਤ ਟ੍ਰੇਨਿੰਗ ਲਈ District Nodal Ofifcer, DEO(SE) ਹੋਣਗੇ। ਇਹ ਟ੍ਰੇਨਿੰਗ ਦੀ Micro-planinng ਸੰਬੰਧਤ ਜ਼ਿਲ੍ਹੇ ਦੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵੱਲੋਂ ਪ੍ਰਿੰਸੀਪਲ ਡਾਇਟ ਨਾਲ ਤਾਲਮੇਲ ਕਰਕੇ ਕੀਤੀ ਜਾਵੇਗੀ।

5.0. ਟ੍ਰੇਨਿੰਗ ਸਬੰਧੀ ਜਿਲ੍ਹਾ ਸਿੱਖਿਆ ਅਫ਼ਸਰ ਆਪਣੇ ਜਿਲ੍ਹੇ ਦੇ ਪ੍ਰਿੰਸੀਪਲ ਜ਼ਿਲ੍ਹਾ ਮੈਂਟਰ ਅਤੇ Principal DIET ਦੇ ਸਹਿਯੋਗ ਨਾਲ ਵਰਕਸ਼ਾਪ ਲਗਾਉਣ ਲਈ ਸੁਵਿਧਾ ਅਨੁਸਾਰ ਵੈਨਿਊ ਚੁਣਨਗੇ ।ਵਰਕਸ਼ਾਪ ਲਗਾਉਣ ਤੋਂ ਪਹਿਲਾਂ (Physics, Chemistry & Biology) ਵਿਸ਼ੇ ਦੇ ਪ੍ਰਿੰਸੀਪਲ ਜਿਲ੍ਹਾ ਮੈਂਟਰ ਆਪਸ ਵਿੱਚ ਤਾਲਮੇਲ ਕਰਦੇ ਹੋਏ ਤਿੰਨੇ ਵਿਸ਼ਿਆਂ ਦੀ ਵਰਕਸ਼ਾਪ ਸਬੰਧੀ ਸ਼ਡਿਊਲ ਮਿਤੀ, ਸਥਾਨ ਆਦਿ ਦੀ ਸੂਚਨਾ ਜਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਮੁੱਖ ਦਫਤਰ ਨੂੰ ਭੇਜਣਗੇ ।DEO(SE) ਅਤੇ Principal DIET ਦੀ ਅਗਵਾਈ ਹੇਠ ਜ਼ਿਲ੍ਹਾ ਰਿਸੋਰਸ ਪਰਸਨਜ਼ ਅਤੇ ਵੈਨਿਊ ਸਕੂਲ ਦਾ ਪ੍ਰਿੰਸੀਪਲ ਟ੍ਰੇਨਿੰਗ ਦੇ ਵੈਨਿਊ ਦੀ ਤਿਆਰੀ, TLM ਦੀ ਉਪਲਬਧਤਾ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨਗੇ।

6.0. ਜਿਸ ਸਥਾਨ ਤੇ ਟ੍ਰੇਨਿੰਗ ਲਗਾਈ ਜਾਣੀ ਹੈ, ਉਸ ਸਥਾਨ ਦਾ ਮੁਖੀ ਟ੍ਰੇਨਿੰਗ ਕੋਆਰਡੀਨੇਟਰ ਵਜੋਂ ਕੰਮ ਕਰੇਗਾ ਪਰੰਤੂ ਇਸ ਕੰਮ ਲਈ ਉਸ ਨੂੰ ਕੋਈ ਵਾਧੂ ਮਾਣਭੱਤਾ ਨਹੀਂ ਦਿੱਤਾ ਜਾਵੇਗਾ।

7.0 ਇਕ ਜਿਲ੍ਹੇ ਵਿੱਚ ਅਲੱਗ-2 ਵਿਸ਼ੇ ਦੀ ਵਰਕਸ਼ਾਪ ਲਗਾਉਣ ਲਈ ਸਹੂਲਤ ਅਨੁਸਾਰ ਵੱਖ-2 ਸਕੂਲ ਚੁਣੇ ਜਾ ਸਕਦੇ ਹਨ । ਅਲੱਗ-2 ਵਿਸ਼ੇ (PHYSICS , CHEMISTRY, BIOLOGY) ਦੀ ਵਰਕਸ਼ਾਪ ਵੱਖ-2 ਦਿਨਾਂ ਵਿੱਚ ਲਗਾਉਣ ਨੂੰ ਪਹਿਲ ਦਿੱਤੀ ਜਾਵੇ ਤਾਂ ਜੋ ਸਕੂਲ ਵਿੱਚ ਪੜਾਈ ਦਾ ਨੁਕਸਾਨ ਨਾ ਹੋਵੇ ।

8.0 ਉਕਤ ਟ੍ਰੇਨਿੰਗ ਲਈ ਜਿਲ੍ਹੇ ਵਿੱਚ ਕੁੱਲ ਸਬੰਧਤ ਵਿਸ਼ੇ ਦੇ 11ਵੀਂ ਅਤੇ 12ਵੀਂ ਜਮਾਤਾਂ ਨੂੰ ਪੜਾ ਰਹੇ ਲੈਕਚਰਾਰਾਂ/ ਅਧਿਆਪਕਾਂ ਦੀ ਗਿਣਤੀ ਅਨੁਸਾਰ ਲੋੜੀਂਦੇ ਬੈਚ ਬਣਾ ਲਏ ਜਾਣ ਤਾਂ ਜੋ ਇੱਕ ਵੈਨਿਊ ਵਿੱਚ 45 ਤੋਂ ਵੱਧ ਅਧਿਆਪਕ ਨਾ ਹੋਣ ।ਟ੍ਰੇਨਿੰਗ ਦੇ ਸ਼ਡਿਊਲ ਸਬੰਧੀ ਅਧਿਆਪਕਾਂ ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇ ।

9.0 ਇੱਥੇ ਇਹ ਵੀ ਦੱਸਣਯੋਗ ਹੈ ਕਿ ਉਕਤ ਵਿਸ਼ਾ ਸੰਬੰਧਤ ਟ੍ਰੇਨਿੰਗਾਂ ਵਿੱਚ CCE , Best Practices & How to attain good marks ਵਿੱਚ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ ਜੀ।

10.0 ਟ੍ਰੇਨਿੰਗ ਸੰਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ :-

10.1 ਟ੍ਰੇਨਿੰਗ ਵੈਨਿਊ ਤੇ Projector, Speaker ਆਦਿ ਦੀ ਸੁਵਿਧਾਵਾਂ ਦਾ ਇੰਤਜ਼ਾਮ ਕਰਵਾਇਆ ਜਾਣਾ ਜਰੂਰੀ ਹੈ। ਸਮੂਹ ਜਿਲ੍ਹਾ ਸਿੱਖਿਆ ਅਫ਼ਸਰ ਸਬੰਧਤ ਜਿਲ੍ਹੇ ਵਿੱਚ ਇਸ ਚੱਲ ਰਹੀ ਵਰਕਸ਼ਾਪ ਦੇ ਸੰਚਾਲਨ ਸਬੰਧੀ ਚੈਕਿੰਗ/ ਮੋਨੀਟਰਿੰਗ ਕਰਨਗੇ ਅਤੇ ਵਰਕਸ਼ਾਪ ਅਰੰਭ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣਗੇ ਕਿ Projector , Speaker ਆਦਿ ਦੀ ਸੁਵਿਧਾ ਦਾ ਇੰਤਜਾਮ ਟ੍ਰੇਨਿੰਗ ਤੋਂ ਪਹਿਲਾ ਕਰ ਲਿਆ ਗਿਆ ਹੋਵੇ ।

10.2 ਇਸ ਟ੍ਰੇਨਿੰਗ ਦੇ ਸਫਲ ਸੰਚਾਲਨ ਲਈ ਫੰਡਜ਼ ਹੇਠ ਲਿਖੇ ਅਨੁਸਾਰ ਡਾਇਟ ਪ੍ਰਿੰਸੀਪਲਜ਼ ਨੂੰ ਭੇਜੇ ਜਾ ਰਹੇ ਹਨ:

| Sr. No. | Expenditure Under | Funds (in Rs.) | Total (in Rs.) |
|---|---|---|---|
| 1 | Administrative Expenditure | 30/- Per Teacher Per Day | 100/-Per Teacher Per Day |
| 2 | Refreshment (Tea etc.) | 40/-Per Teacher Per Day | |
| 3 | Stationary | 30/-Per Teacher Per Day | |

10.3 ਡਾਇਟ ਪ੍ਰਿੰਸੀਪਲ ਵੱਲੋਂ ਇਸ ਟ੍ਰੇਨਿੰਗ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇ।

10.4 ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪ੍ਰਿੰਸੀਪਲ ਡਾਇਟ ਵੱਲੋਂ ਇਹਨਾਂ ਟ੍ਰੇਨਿੰਗਜ਼ ਨੂੰ ਲਗਾਤਾਰ ਵਿਜ਼ਿਟ ਕੀਤਾ ਜਾਵੇਗਾ।

10.5 ਮੁੱਖ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਇਸ ਟ੍ਰੇਨਿੰਗ ਦਾ ਸਮੇਂ-ਸਮੇਂ ਤੇ ਨਰੀਖਣ ਕੀਤਾ ਜਾਵੇਗਾ।

11) ਉਕਤ 2 ਰੋਜ਼ਾ ਟ੍ਰੇਨਿੰਗ ਲਈ ਰਿਸੋਰਸ ਪਰਸਨਜ ਵਲੋਂ ਤਿਆਰ ਕੀਤੇ ਗਏ (Physics, Chemistry & Biology) Module ਵਿੱਚ Guidelines,difficult topics ਦੇ ਵੇਰਵੇ ,Objectives,Learning Outcomes(LO) ਇਹਨਾਂ ਨੂੰ ਪੜਾਉਣ ਦੇ ਤਰੀਕੇ ਅਦਿ ਦਰਸਾਏ ਗਏ ਹਨ ।Module ਵਿੱਚ ਦਰਸਾਏ ਅਨੁਸਾਰ ਉਕਤ ਟ੍ਰੇਨਿੰਗ ਲਗਾਈ ਜਾਵੇ ।ਇਸ ਟ੍ਰੇਨਿੰਗ ਤੋਂ ਪਹਿਲਾਂ Module ਦਾ print PDM/ DIET principal ਵਲੋਂ ਕਢਵਾ ਲਿਆ ਜਾਵੇ।

12) ਟ੍ਰੇਨਿੰਗ ਲਈ PDMs ਵਲੋਂ ਅਲਾਟ ਕੀਤੇ ਗਏ difficult topics ਤੇ ਸਮੂਹ ਵਿਸ਼ਾ ਲੈਕਚਰਾਰ PPT ਰਾਹੀਂ, Teaching aids, animated videos ਅਤੇ demonstration method ਦੀ ਵਰਤੋਂ ਕਰਦੇ ਹੋਏ ਆਪਣਾ ਲੈਕਚਰ ਤਿਆਰ ਕਰਕੇ ਆਉਣਗੇ ।PDMs, DIET Principal ਉਕਤ ਟ੍ਰੇਨਿੰਗ ਵਿੱਚ ਦਿੱਤੀ ਗਈ presentation ਦਾ ਮੁਲਾਂਕਣ ਕਰਦੇ ਹੋਏ participants ਨੂੰ certificate ਦੇਣਗੇ।

13) ਉਕਤ ਟ੍ਰੇਨਿੰਗ ਰਾਹੀਂ ਅਧਿਆਪਕ ਅਤੇ ਵਿਦਿਆਰਥੀਆਂ ਵਿੱਚ (Physics, Chemistry& Biology) ਦੇ difficult topics / Concepts ਨੂੰ ਸਮਝਣ ਦੀ ਕੌਸ਼ਲ ਸ਼ਕਤੀ ਦਾ ਵਿਕਾਸ ਹੋਵੇਗਾ । ਇਹ ਟ੍ਰੇਨਿੰਗ ਬੋਰਡ ਅਤੇ ਪ੍ਰਯੋਗੀ ਪ੍ਰੀਖਿਆਵਾਂ ਵਿੱਚ ਆਉਣ ਵਾਲੇ ਪ੍ਰਸ਼ਨਾਂ ਨੂੰ ਹਲ ਕਰਨ ਦੀ ਸਮਰਥਾ ਵਿੱਚ ਸਹਾਈ ਹੋਵੇਗੀ ।

14) ਇਸ ਵਰਕਸ਼ਾਪ ਵਿਚ ਸੰਬੰਧਤ ਵਿਸ਼ੇ ਦੇ ਸਮੂਹ ਲੈਕਚਰਾਰਜ਼/ ਉਸ ਵਿਸ਼ੇ ਨੂੰ ਬਦਲਵੇ ਪ੍ਰਬੰਧ ਵਜੋ ਪੜ੍ਹਾ ਰਹੇ ਲੈਕਚਰਾਰ / ਅਧਿਆਪਕ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।ਵਿਸ਼ੇਸ਼ ਹਲਾਤਾਂ ਵਿੱਚ ਕੇਵਲ ਮੈਡੀਕਲ ਛੁੱਟੀ ਤੇ ਚੱਲ ਰਹੇ ਲੈਕਚਰਾਰ ਨੂੰ ਹੀ ਛੂਟ ਮਿਲੇਗੀ ।ਵਰਕਸ਼ਾਪ ਦੀ ਗਤੀਵਿਧੀਆਂ ਨਾਲ ਸੰਬੰਧਤ ਵੀਡੀਓ / ਫੋਟੋ ਵਟਸਐਪ ਗਰੁੱਪ ਅਤੇ ਫੇਸਬੁਕ ਤੇ ਸ਼ੇਅਰ ਕੀਤੀਆਂ ਜਾਣ ਅਤੇ ਇਸ ਦਫਤਰ ਦੀ ਈ-ਮੇਲ ਤੇ ਵੀ ਭੇਜੀ ਜਾਣੀ ਯਕੀਨੀ ਬਣਾਈ ਜਾਵੇ।

15) ਵਰਕਸ਼ਾਪ ਪੂਰੀ ਹੋਣ ਉਪਰੰਤ ਜਿਲ੍ਹਾ ਵਾਈਜ਼ ਰਿਪੋਰਟ, ਹਾਜਰੀ ਰਿਪੋਰਟ, ਭਾਗ ਲੈਣ ਵਾਲੇ ਲੈਕਚਰਾਰ ਵਲੋਂ ਦਿੱਤੇ ਗਏ topic ਦੇ ਵੇਰਵੇ ਅਤੇ ਪ੍ਰਾਪਤ ਫੀਡਬੈਕ ਫਾਰਮ ਦੀ **Single** ਪੀ.ਡੀ.ਐਫ Annexurewise ਦਫਤਰ ਦੀ ਈਮੇਲ sciencesr@punjabeducation.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ ।

16) ਟ੍ਰੇਨਿੰਗ ਵਿੱਚ ਭਾਗ ਲੈਣ ਵਾਲੇ participants ਅਤੇ Resource Person ਅਪਣੇ ਤਿਆਰ ਕੀਤੇ ਲੈਕਚਰ ਦੇ ਨਾਲ 11ਵੀਂ ਅਤੇ 12ਵੀਂ ਦੀਆਂ ਕਿਤਾਬਾਂ, Laptop, TLM, Pendrive ਆਦਿ ਲੈ ਕੇ ਆਉਣਗੇ ।

ਸਹਾਇਕ ਡਾਇਰੈਕਟਰ
ਅਤੇ
ਸਟੇਟ ਸਾਇੰਸ ਸੀਨੀਅਰ ਸੈਕੰਡਰੀ ਕੋਆਰਡੀਨੇਟਰ
(ਫਿਜੀਕਸ, ਕਮਿਸਟਰੀ, ਬਾਇਓ)

ਪਿੱਠ ਅੰਕਣ ਨੰ:- ਉਕਤ ਮਿਤੀ, ਉਕਤ ਐਸ.ਏ.ਐਸ.ਨਗਰ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਟੇਟ ਰਿਸੋਰਸ ਪਰਸਨ - ਸਾਇੰਸ
2) ਸਹਾਇਕ ਡਾਇਰੈਕਟਰ (ਟ੍ਰੇਨਿੰਗ)
3) ਪੀ.ਏ.ਟੂ ਮਾਨਯੋਗ ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ।
4) ਪੀ.ਏ.ਟੂ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
5) ਪੀ.ਏ.ਟੂ ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਪੰਜਾਬ।

20/1/25

ਸਹਾਇਕ ਡਾਇਰੈਕਟਰ
ਅਤੇ
ਸਟੇਟ ਸਾਇੰਸ ਸੀਨੀਅਰ ਸੈਕੰਡਰੀ ਕੋਆਰਡੀਨੇਟਰ
(ਫਿਜੀਕਸ, ਕਮਿਸਟਰੀ, ਬਾਇਓ)